# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।**

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਪੱਤਰ ਨੰ: 1/SSA/SC Edu./2011/21597-21616
ਮਿਤੀ

**ਵਿਸ਼ਾ:** **ਸਰਵ ਸਿੱਖਿਆ ਅਭਿਆਨ, ਪੰਜਾਬ ਹੇਠ ਸਾਲ 2011-12 ਦੌਰਾਨ ਐਸ.ਸੀ./ਐਸ.ਟੀ. ਕੰਪੋਨੈਂਟ ਪਲਾਨ ਨੂੰ ਲਾਗੂ ਕਰਨ ਲਈ ਹਦਾਇਤਾਂ।**

ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਾਲ 2011-12 ਲਈ ਐਸ.ਸੀ./ਐਸ.ਟੀ. ਦੀ ਐਜੂਕੇਸ਼ਨ ਨੂੰ ਪ੍ਰੋਤਸਾਹਿਤ ਕਰਨ ਲਈ ਭਾਰਤ ਸਰਕਾਰ ਵੱਲੋਂ ਸਮੂਹ ਜ਼ਿਲ੍ਹਿਆਂ ਵਾਸਤੇ ਕੁੱਲ 300.00 ਲੱਖ ਰੁਪਏ(15.00 ਲੱਖ ਪ੍ਰਤੀ ਜਿਲ੍ਹਾ) ਦਾ ਬਜਟ ਮਨਜ਼ੂਰ ਕੀਤਾ ਗਿਆ ਹੈ। ਵਿਸਥਾਰ ਪਲਾਨ ਦੀ ਕਾਪੀ **ਅਨੁਲੱਗ-ੳ** ਅਨੁਸਾਰ ਹੈ। ਪਲਾਨ ਨੂੰ ਲਾਗੂ ਕਰਨ ਲਈ ਹੇਠ ਲਿਖੀਆਂ ਗਤੀਵਿਧੀਆਂ ਕੀਤੀਆਂ ਜਾਣਗੀਆਂ , ਜਿਸ ਲਈ ਗਾਈਡ ਲਾਈਨਜ਼ ਨਿਮਨ ਅਨੁਸਾਰ ਹਨ:-

1. **ਪਹਿਲੀ ਗਤੀਵਿਧੀ(ਵੋਕੇਸ਼ਨਲ ਐਜੂਕੇਸ਼ਨ):**

ਸਮੂਹ ਜ਼ਿਲ੍ਹਿਆਂ ਵਿੱਚ ਮੌਜੂਦਾ ਵੋਕੇਸ਼ਨਲ ਸੈਂਟਰ ਚਲਾਏ ਜਾਣਗੇ ।ਇਹ ਗਤੀਵਿਧੀ ਮਈ ਤੋਂ ਲੈ ਕੇ ਨਵੰਬਰ ਮਹੀਨੇ ਤੱਕ ਕਰਵਾਈ ਜਾਵੇਗੀ ।ਪਹਿਲਾਂ ਦੀ ਤਰ੍ਹਾਂ ਹੀ ਟ੍ਰੇਨਰ ਨੂੰ 750/- ਰੁਪਏ ਪ੍ਰਤੀ ਮਹੀਨਾ ਮਿਹਨਤਾਨਾ ਦਿੱਤਾ ਜਾਵੇਗਾ ਅਤੇ 1500/- ਰੁਪਏ ਪ੍ਰਤੀ ਸਕੂਲ(One time Grant),ਟ੍ਰੇਨਿੰਗ ਲਈ Raw material ਖਰੀਦਣ ਲਈ ਜਾਰੀ ਕੀਤੇ ਜਾਣਗੇ। ਵੋਕੇਸ਼ਨਲ ਗਤੀਵਿਧੀ ਫ਼ਿਜੀਕਲ ਐਜੂਕੇਸ਼ਨ/ਆਰਟ ਐਂਡ ਕਰਾਫਟ ਦੇ ਪੀਰੀਅਡ ਵਿੱਚ ਕਰਵਾਈ ਜਾਵੇਗੀ। ਵਿਸਥਾਰ **ਅੱਨੁਲਗ ੳ** ਤੇ ਹੈ।

2. **ਦੂਜੀ ਗਤੀਵਿਧੀ (ਐਕਸਪੋਜ਼ਰ ਵਿਜ਼ਿਟ ):**

- ਪੰਜਵੀਂ ਤੋਂ ਅੱਠਵੀਂ ਜਮਾਤ ਦੇ ਐਸ.ਸੀ. ਬੱਚਿਆਂ ਨੂੰ ਜੂਨ ਦੀਆਂ ਛੁੱਟੀਆਂ ਦੌਰਾਨ ਨੇੜਲੇ ਮਹੱਤਵਪੂਰਨ ਵਿੱਦਿਅਕ ਜਾਂ ਇਤਿਹਾਸਕ ਸਥਾਨਾਂ ਦੀ ਐਕਸਪੋਜਰ ਵਿਜਿਟ ਕਰਵਾਈ ਜਾਵੇਗੀ।
- ਇਹ ਗਤੀਵਿਧੀ ਹਰੇਕ ਜ਼ਿਲ੍ਹੇ ਦੇ 50 ਸਕੂਲਾਂ ਵਿਚ ਕਰਵਾਈ ਜਾਵੇਗੀ। ਗੁਰਦਾਸਪੁਰ ਜ਼ਿਲ੍ਹੇ ਵਿਚ ਇਹ ਗਤੀਵਿਧੀ ਸਿਰਫ਼ 34 ਸਕੂਲਾਂ ਵਿੱਚ ਕਰਵਾਈ ਜਾਵੇਗੀ ਕਿਉਂਕਿ ਇੱਥੇ ਵੋਕੇਸ਼ਨਲ ਸੈਂਟਰ ਜਿਆਦਾ ਹੋਣ ਕਾਰਣ ਵਧੇਰੇ ਫੰਡ ਉਪਲੱਬਧ ਨਹੀਂ ਹਨ। ਉਹਨਾਂ ਸਕੂਲੀ ਬੱਚਿਆਂ/ ਸਕੂਲਾਂ ਨੂੰ ਚੁਣਿਆਂ ਜਾਵੇ ਜਿਨ੍ਹਾਂ ਨੂੰ ਪਿਛਲੇ ਸਾਲ ਦੌਰਾਨ ਐਕਸਪੋਜਰ ਵਿਜ਼ਿਟ ਨਹੀਂ ਕਰਵਾਈ ਗਈ ਸੀ।

- ਐਕਸਪੋਜਰ ਵਿਜ਼ਿਟ ਲਈ ਸੰਭਾਵਤ ਥਾਂਵਾਂ ਦੀ ਸੂਚੀ "ਅਨੁਲੱਗ-ਅ" ਅਨੁਸਾਰ ਹੈ। ਬੱਚਿਆਂ ਦੀ ਰੁਚੀ ਮੁਤਾਬਿਕ ਇਨ੍ਹਾਂ ਵਿਚੋਂ ਕੋਈ ਵੀ ਜਗ੍ਹ ਚੁਣੀ ਜਾ ਸਕਦੀ ਹੈ।
- ਇਸ ਗਤੀਵਿਧੀ ਲਈ ਪ੍ਰਤੀ ਸਕੂਲ 5000 ਰੁਪਏ ਦੀ ਰਾਸ਼ੀ ਨਿਸ਼ਚਿਤ ਕੀਤੀ ਗਈ ਹੈ। ਇਨ੍ਹਾਂ ਫੰਡਾਂ ਦੀ ਵਰਤੋਂ ਟ੍ਰਾਂਸਪੋਰਟੇਸ਼ਨ ਦੇ ਇੰਤਜਾਮ ਅਤੇ ਬੱਚਿਆਂ ਨੂੰ ਰਿਫਰੈਸ਼ਮੈਂਟ ਦੇਣ ਲਈ ਕੀਤੀ ਜਾਵੇਗੀ।
- ਐਕਸਪੋਜਰ ਵਿਜ਼ਿਟ ਕਰਵਾਉਣ ਤੋਂ ਬਾਅਦ "ਅਨੁਲੱਗ-ੲ" ਅਨੁਸਾਰ ਵਿਸਤ੍ਰਿਤ ਰਿਪੋਰਟ ਮੁੱਖ ਦਫ਼ਤਰ ਵਿਚ ਜਮਾਂ ਕਰਵਾਈ ਜਾਵੇਗੀ।

3. **ਤੀਸਰੀ ਗਤੀਵਿਧੀ (ਬਾਈਸਾਈਕਲ ):**

- ਸਾਰੇ ਜ਼ਿਲ੍ਹਿਆਂ ਵਿੱਚ "ਅਨੁਲੱਗ-ੳ" ਅਨੁਸਾਰ ਛੇਵੀਂ ਜਮਾਤ ਦੀਆਂ ਲੋੜਵੰਦ ਐਸ.ਸੀ./ਐਸ.ਟੀ. ਲੜਕੀਆਂ ਜਿਨ੍ਹਾਂ ਦੇ ਘਰ ਦੇ ਹਾਲਾਤ ਮਾੜੇ ਹਨ ਅਤੇ ਜੋ 2.5 ਕਿ.ਮੀ. ਤੋਂ ਵੱਧ ਦੂਰੀ ਤੋਂ ਸਕੂਲ ਆਉਂਦੀਆਂ ਹਨ, ਨੂੰ ਬਾਈਸਾਈਕਲ ਦਿੱਤੇ ਜਾਣਗੇ।
- ਬਾਈਸਾਈਕਲ ਦੀ ਖਰੀਦ ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੁਆਰਾ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਅਨੁਸਾਰ ਕੀਤੀ ਜਾਵੇਗੀ। ਜ਼ਿਲ੍ਹਾਵਾਰ ਬੱਚਿਆਂ ਦੀ ਅਨੁਮਾਨਤ ਗਿਣਤੀ ਅਤੇ ਫੰਡਾਂ ਦਾ ਵੇਰਵਾ "ਅਨੁਲੱਗ-ੳ" ਅਨੁਸਾਰ ਹਨ। ਇੱਕ ਬਾਈਸਾਈਕਲ ਦੀ ਅਨੁਮਾਨਤ ਲਾਗਤ 2500 ਰੁਪਏ ਤੱਕ ਹੋਣੀ ਚਾਹੀਦੀ ਹੈ। ਬਾਈਸਾਈਕਲਾਂ ਦੀਆਂ ਸਪੈਸੀਫੀਕੇਸ਼ਨਾਂ ਹੇਠ ਅਨੁਸਾਰ ਹਨ:-

**Standard:** Bicycle should conform to the Indian Standard with hand operated lever Brake system.

**Mudguard:** U Shaped Mudguards

**Size:** As per the requirement by the girl.

**Accessories:** All the accessories like seat cover, stand,bell,basket, cycle lock etc. should be of manufacturer make with ISI standard.

ਇਹ ਯਕੀਨੀ ਬਣਾਇਆ ਜਾਵੇ ਕਿ 31 ਜੁਲਾਈ, 2011 ਤੱਕ ਸਾਰੀਆਂ eligible ਲੜਕੀਆਂ ਨੂੰ ਬਾਈਸਾਈਕਲ ਵੰਡ ਦਿੱਤੇ ਜਾਣ।

4. **ਚੌਥੀ ਗਤੀਵਿਧੀ** (ਕਰਾਟੇ):

- ਜੂਡੋ ਕਰਾਟੇ ਦੀ ਟ੍ਰੇਨਿੰਗ ਗੁਰਦਾਸਪੁਰ ਤੋਂ ਇਲਾਵਾ ਹਰੇਕ ਜ਼ਿਲ੍ਹੇ ਵਿੱਚ 50 ਸਕੂਲਾਂ ਵਿਚ ਕਰਵਾਈ ਜਾਵੇਗੀ। ਗੁਰਦਾਸਪੁਰ ਜ਼ਿਲ੍ਹੇ ਵਿੱਚ ਵੋਕੇਸ਼ਨਲ ਸੈਂਟਰ ਜਿਆਦਾ ਹੋਣ ਕਾਰਨ ਇਸ ਗਤੀਵਿਧੀ ਲਈ ਫੰਡ ਉਪਲੱਬਧ ਨਹੀਂ ਹਨ।
- ਇਸ ਸਾਲ ਸਕੂਲਾਂ ਦੀ ਚੋਣ ਕਰਦੇ ਹੋਏ ਧਿਆਨ ਵਿਚ ਰੱਖਿਆ ਜਾਵੇ ਕਿ ਉਹ ਸਕੂਲ ਹੀ ਚੁੱਣੇ ਜਾਣ ਜਿਨ੍ਹਾਂ ਵਿਚ ਪਿਛਲੇ ਸਾਲ (2010-11) ਦੌਰਾਨ ਟ੍ਰੇਨਿੰਗ ਨਹੀਂ ਦਿੱਤੀ ਗਈ।
- ਇਸ ਟ੍ਰੇਨਿੰਗ ਹੇਠ ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਐਸ.ਸੀ. ਬੱਚੇ ਕਵਰ ਕੀਤੇ ਜਾਣਗੇ।

- ਜਿਥੋਂ ਤੱਕ ਹੋ ਸਕੇ ਸਵੇਰ ਦੇ ਪਹਿਲੇ ਸਮੇਂ ਦੌਰਾਨ ਹੀ ਕਰਾਟੇ ਦੀ ਸਿਖਲਾਈ ਦਿੱਤੀ ਜਾਵੇ। ਇਹ ਟ੍ਰੇਨਿੰਗ ਹਰੇਕ ਸਕੂਲ ਵਿਚ 30 ਦਿਨ ਲਈ ਇੱਕ ਟ੍ਰੇਂਨਡ ਇੰਸਟਰਕਟਰ ਵੱਲੋਂ ਦਿੱਤੀ ਜਾਵੇਗੀ। ਇੰਨਸਟਰਕਟਰ ਦੀ ਨਿਯੁਕਤੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਵੱਲੋਂ ਆਪਣੇ ਪੱਧਰ ਉੱਤੇ ਹੀ ਕੀਤੀ ਜਾਵੇਗੀ।
- ਇਹ ਗਤੀਵਿਧੀ ਅਗਸਤ ਤੋਂ ਸਤੰਬਰ ਦੇ ਮਹੀਨੇ ਤੱਕ ਹਰੇਕ ਸਕੂਲ ਵਿਚ ਖਤਮ ਹੋ ਜਾਣੀ ਚਾਹੀਦੀ ਹੈ।
- ਇਸ ਗਤੀਵਿਧੀ ਅਧੀਨ ਪ੍ਰਤੀ ਸਕੂਲ 5000 ਰੁਪਏ ਦੀ ਰਾਸ਼ੀ ਉਪਲੱਬਧ ਹੈ, ਜਿਸ ਵਿਚੋਂ 100 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਇੰਨਸਟਕਟਰ ਨੂੰ ਮਿਹਨਤਾਨਾ ਦਿੱਤਾ ਜਾਵੇਗਾ ਅਤੇ 2 ਹਜਾਰ ਰੁਪਏ ਵਿਚ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਜਾਵੇਗੀ।

**5. ਪੰਜਵੀ ਗਤੀਵਿਧੀ (ਕੰਪੀਟੀਟਿਵ ਟੈਸਟ):- :**

ਪੰਜਵੀਂ, ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਇੱਛੁਕ ਐਸ.ਸੀ/ਐਸ.ਟੀ ਵਿਦਿਆਰਥੀਆਂ ਨੂੰ ਇੱਕ ਵਿਸ਼ੇਸ਼ ਟੈਸਟ ਰਾਹੀਂ ਮੈਰਿਟ ਦੇ ਆਧਾਰ ਤੇ ਚੁਣ ਕੇ ਹਰ ਬਲਾਕ ਵਿੱਚ ਪਹਿਲੇ ਤਿੰਨ ਟਾੱਪਰ ਐਸ.ਸੀ/ਐਸ.ਟੀ ਵਿਦਿਆਰਥੀਆਂ ਨੂੰ ਹੇਠ ਅਨੁਸਾਰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ:

(i) ਪੰਜਵੀਂ, ਛੇਵੀਂ ਸੱਤਵੀਂ ਅਤੇ ਅੱਠਵੀਂ ਜਮਾਤ ਦੀ ਪਹਿਲੀ ਟਾੱਪਰ = @ Rs. 2000/-

(ii) ਪੰਜਵੀਂ, ਛੇਵੀਂ ਸੱਤਵੀਂ ਅਤੇ ਅੱਠਵੀਂ ਜਮਾਤ ਦੀ ਦੂਜੀ ਟਾੱਪਰ = @ Rs. 1500/-

(iii) ਪੰਜਵੀਂ, ਛੇਵੀਂ ਸੱਤਵੀਂ ਅਤੇ ਅੱਠਵੀਂ ਜਮਾਤ ਦੀ ਤੀਜੀ ਟਾੱਪਰ = @ Rs. 1000/-

**ਵਿਸ਼ੇਸ਼ ਟੈਸਟ ਬਾਰੇ ਹਦਾਇਤਾਂ:**

ਪੰਜਵੀਂ, ਛੇਵੀ ,ਸੱਤਵੀਂ ਅਤੇ ਅੱਠਵੀਂ ਦੇ ਇੱਛੁਕ ਐਸ.ਸੀ/ਐਸ.ਟੀ ਵਿਦਿਆਰਥੀਆਂ ਲਈ ਵਿਸ਼ੇਸ਼ ਟੈਸਟ ਮਿਤੀ 20-01-2012 ਦਿਨ ਸ਼ੁੱਕਰਵਾਰ ਨੂੰ ਲਿਆ ਜਾਵੇਗਾ । ਵਿਸ਼ੇਸ਼ ਟੈਸਟ ਲਈ ਗਣਿਤ, ਸਾਇੰਸ, ਸਮਾਜਿਕ ਸਿੱਖਿਆ ਤੇ ਅੰਗਰੇਜੀ ਦੇ ਵਿਸ਼ੀਆਂ ਦਾ ਦਿਸੰਬਰ 2011 ਤੱਕ ਦਾ ਸਿਲੇਬਸ ਹੀ ਵਿਚਾਰਿਆ ਜਾਵੇਗਾ । ਇਹ ਵਿਸ਼ੇਸ਼ ਟੈਸਟ ਪੇਪਰ ਸਟੇਟ ਪੱਧਰ ਤੇ ਤਿਆਰ ਕਰਕੇ ਸਮੂਹ ਜ਼ਿਲ੍ਹਿਆਂ ਨੂੰ ਭੇਜੇ ਜਾਣਗੇ ।ਸਮੂਹ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਪੰਜਵੀਂ, ਛੇਵੀ ,ਸੱਤਵੀਂ ਅਤੇ ਅੱਠਵੀਂ ਜਮਾਤ ਦੇ ਐਸ.ਸੀ/ਐਸ.ਟੀ ਵਿਦਿਆਰਥੀਆਂ ਦਾ ਟੈਸਟ ਉਸੇ ਸਕੂਲ ਦੇ ਅਧਿਆਪਕਾਂ ਰਾਹੀਂ ਲਿਆ ਜਾਵੇਗਾ। ਸਕੂਲ ਵਾਈਜ਼ ਪੰਜਵੀਂ, ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੀ ਮੈਰਿਟ ਲਿਸਟ ਅਤੇ ਇਨ੍ਹਾਂ ਜਮਾਤਾਂ ਦੇ ਪਹਿਲੇ ਤਿੰਨ ਟਾੱਪਰ ਵਿਦਿਆਰਥੀਆਂ ਦੀ Recommendation ਸਕੂਲ ਮੁੱਖੀ ਵੱਲੋਂ ਸੰਬੰਧਤ ਬੀ.ਪੀ.ਈ.ਓ. ਨੂੰ ਭੇਜੀ ਜਾਵੇਗੀ। ਬਲਾਕ ਪੱਧਰ ਤੇ ਸਾਰੀ ਸੂਚਨਾ ਸੰਕਲਿਤ ਕਰਕੇ ਅਤੇ ਬਲਾਕ ਵਿੱਚ ਪਹਿਲੇ ਤਿੰਨ ਟਾੱਪਰਾਂ ਦੀ ਸੂਚੀ ਫਾਇਨਲ ਕਰਕੇ ਜ਼ਿਲ੍ਹਿਆਂ ਨੂੰ ਅਪਰੂਵਲ ਲਈ ਭੇਜੀ ਜਾਵੇਗੀ। ਅਪਰੂਵਲ ਉਪਰੰਤ ਟਾੱਪਰ ਵਿਦਿਆਰਥੀਆਂ ਨੂੰ ਨਕਦ ਅਵਾਰਡਜ਼ ਦਿੱਤੇ ਜਾਣਗੇ । ਟਾੱਪਰ ਵਿਦਿਆਰਥੀਆਂ ਨੂੰ ਬਲਾਕ ਪੱਧਰ ਉੱਤੇ ਸਮਾਰੋਹ ਕਰਵਾ ਕੇ ਨਕਦ ਅਵਾਰਡਜ਼ ਦੇ ਕੇ ਸਨਮਾਨਿਤ ਕੀਤਾ ਜਾਵੇਗਾ, ਜਿਸ

ਵਿੱਚ ਪਸਵਕ ਕਮੇਟੀ ਦੇ ਮੈਂਬਰ ਅਤੇ ਟਾਪਰ ਬੱਚੇ ਦੇ ਮਾਤਾ-ਪਿਤਾ ਵੀ ਮੌਜੂਦ ਹੋਣਗੇ ।ਇਸ ਗਤੀਵਿਧੀ ਲਈ 18000/-ਰੁਪਏ ਪ੍ਰਤੀ ਬਲਾਕ ਅਵਾਰਡਜ਼ ਦੇਣ ਲਈ ਜਾਰੀ ਕੀਤੇ ਜਾਣਗੇ ।

***ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜਮਾਤ** ਪੰਜਵੀਂ, ਛੇਵੀ ,ਸੱਤਵੀਂ ਅਤੇ ਅੱਠਵੀਂ **ਲਈ ਇਕ ਵਿਸ਼ੇਸ਼ ਟੈਸਟ ਸਮੂਹ ਲੜਕੀਆਂ ਅਤੇ ਸਮੂਹ ਐਸ.ਸੀ./ਐਸ.ਟੀ ਬੱਚਿਆਂ ਲਈ ਲਿਆ ਜਾਵੇਗਾ।ਇਸੇ ਟੈਸਟ ਦੀ ਮੈਰਿਟ ਦੇ ਆਧਾਰ ਤੇ ਟੱਪਰ ਲੜਕੀਆਂ ਅਤੇ ਟੱਪਰ ਐਸ.ਸੀ./ਐਸ.ਟੀ ਬੱਚਿਆਂ ਦੀ ਵੱਖਰੀ-ਵੱਖਰੀ ਸਿਲੈਕਸ਼ਨ ਕੀਤੀ ਜਾਵੇਗੀ।***

<u>ਵਿਸ਼ੇਸ਼ ਨੋਟ:</u>

ੳ. ਜਿੱਥੋਂ ਤੱਕ ਹੋ ਸਕੇ ਹਰ ਗਤੀਵਿਧੀ ਲਈ ਵੱਖਰੇ ਸਕੂਲਾਂ ਦੀ ਚੋਣ ਕੀਤੀ ਜਾਵੇ। ਗਤੀਵਿਧੀ ਵਾਈਜ਼ ਸਕੂਲਾਂ ਦੀ ਚੋਣ ਸੂਚੀ ਇਸ ਦਫ਼ਤਰ ਨੂੰ ਭੇਜੀ ਜਾਵੇ।

ਅ. ਲੜਕੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਆਇਟਮਜ਼ (**ਬਾਈਸਾਈਕਲਾਂ ਦੀ ਖਰੀਦ ਤੋਂ ਇਲਾਵਾ)** ਦਾ ਖਰਚਾ ਪਸਵਕ ਵੱਲੋਂ ਕੀਤਾ ਜਾਵੇਗਾ।

ੲ. ਗਰਲਜ਼ ਐਜੂਕੇਸ਼ਨ ਅਤੇ ਐਸ.ਸੀ./ਐਸ.ਟੀ ਕੰਪੋਨੈਂਟ ਤਹਿਤ ਵੋਕੇਸ਼ਨਲ ਐਜੂਕੇਸ਼ਨ ਨੂੰ ਛੱਡ ਕੇ ਬਾਕੀ ਸਾਰੀਆਂ ਗਤੀਵਿਧੀਆਂ (ਬਾਈਸਾਈਕਲ, ਕਰਾਟੇ, ਐਕਸਪੋਜ਼ਰ ਵਿਜ਼ਿਟ, ਕੰਪੀਟੀਟਿਵ ਟੈਸਟ) ਇੱਕੋ ਜਿਹੀਆਂ ਹਨ। ਇਹਨਾ ਗਤੀਵਿਧੀਆਂ ਨੂੰ ਸਕੂਲਾਂ ਵਿੱਚ ਕਰਵਾਉਣ ਲਈ ਕ੍ਰਮਵਾਰ ਗਰਲਜ਼ ਅਤੇ ਐਸ.ਸੀ./ਐਸ.ਟੀ ਬੱਚਿਆਂ ਲਈ ਸਾਂਝੀ ਐਕਸ਼ਨ ਪਲਾਨ ਤਿਆਰ ਕਰ ਲਈ ਜਾਵੇ।

ਨੱਥੀ : ਅਨੁਲੱਗ 'ੳ',**ਅ ਅਤੇ ੲ** ।

-ਸਹੀ-
ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨੰ:1/SSA/SC Edu./2011/21617-21636 ਮਿਤੀ: 25.04.2011

ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਐਸ.ਸੀ./ਐਸ.ਟੀ. 2011-12 ਪਲਾਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

-ਸਹੀ-
ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨੰ:1/SSA/SC Edu./2011/21637-21638 ਮਿਤੀ: 25.04.2011

ਉਤਾਰਾ ਡੀ.ਪੀ.ਆਈ (ਐ.ਸਿ) ਅਤੇ (ਸੈ.ਸਿ), ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

-ਸਹੀ-
ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

ਅਨੁਲੱਗ-ੳ

# Plan of action for SC Education under AWP & B 2011-12 of SSA , Punjab

**(Financial fig. in lacs)**

| S. No. | Districts | Total Budget Proposed (Rs. in lacs) | Vocational Education | | | Bicycles | | | Karate | | | Exposure visit | | | Competitive Exam | |
|---|---|---|---|---|---|---|---|---|---|---|---|---|---|---|---|---|
| | | | No. of centres | Unit cost | Total Cost (Rs. in lacs) | No. of girls to be covered | Unit cost | Total Cost (Rs. in lacs) | No. of schools to be covered | Unit cost (for 30 days per school) | Total cost | No. of schools to be covered | Unit cost | Total Cost (Rs. in lacs) | No. of Edu. Blocks | Total Cost (Rs. in lacs) |
| 1 | Amritsar | 15.00 | 67 | 0.06 | 4.02 | 110 | 0.025 | 2.74 | 50 | 0.05 | 2.50 | 50 | 0.05 | 2.5 | 18 | 3.240 |
| 2 | Barnla | 15.00 | 26 | 0.06 | 1.56 | 316 | 0.025 | 7.90 | 50 | 0.05 | 2.50 | 50 | 0.05 | 2.5 | 3 | 0.540 |
| 3 | Bathinda | 15.00 | 100 | 0.06 | 6.00 | 117 | 0.025 | 2.92 | 50 | 0.05 | 2.50 | 50 | 0.05 | 2.5 | 6 | 1.080 |
| 4 | Faridkot | 15.00 | 137 | 0.06 | 8.22 | 35 | 0.025 | 0.88 | 50 | 0.05 | 2.50 | 50 | 0.05 | 2.5 | 5 | 0.900 |
| 5 | Fatehgarh sahib | 15.00 | 134 | 0.06 | 8.04 | 35 | 0.025 | 0.88 | 50 | 0.05 | 2.50 | 50 | 0.05 | 2.5 | 6 | 1.080 |
| 6 | Ferozepur | 15.00 | 100 | 0.06 | 6.00 | 23 | 0.025 | 0.58 | 50 | 0.05 | 2.50 | 50 | 0.05 | 2.5 | 19 | 3.420 |
| 7 | Gurdaspur | 15.00 | 156 | 0.06 | 9.36 | | | | | | | 34 | 0.05 | 1.7 | 22 | 3.960 |
| 8 | Hoshiarpur | 15.00 | 100 | 0.06 | 6.00 | 23 | 0.025 | 0.58 | 50 | 0.05 | 2.50 | 50 | 0.05 | 2.5 | 19 | 3.420 |
| 9 | Jalandhar | 15.00 | 100 | 0.06 | 6.00 | 23 | 0.025 | 0.58 | 50 | 0.05 | 2.50 | 50 | 0.05 | 2.5 | 19 | 3.420 |
| 10 | Kapurthala | 15.00 | 100 | 0.06 | 6.00 | 110 | 0.025 | 2.74 | 50 | 0.05 | 2.50 | 50 | 0.05 | 2.5 | 7 | 1.260 |
| 11 | Ludhiana | 15.00 | 33 | 0.06 | 1.98 | 184 | 0.025 | 4.60 | 50 | 0.05 | 2.50 | 50 | 0.05 | 2.5 | 19 | 3.420 |
| 12 | Mansa | 15.00 | 130 | 0.06 | 7.80 | 52 | 0.025 | 1.30 | 50 | 0.05 | 2.50 | 50 | 0.05 | 2.5 | 5 | 0.900 |
| 13 | Moga | 15.00 | 100 | 0.06 | 6.00 | 117 | 0.025 | 2.92 | 50 | 0.05 | 2.50 | 50 | 0.05 | 2.5 | 6 | 1.080 |
| 14 | Mohali | 15.00 | 48 | 0.06 | 2.88 | 234 | 0.025 | 5.86 | 50 | 0.05 | 2.50 | 50 | 0.05 | 2.5 | 7 | 1.260 |
| 15 | Muktsar | 15.00 | 120 | 0.06 | 7.20 | 69 | 0.025 | 1.72 | 50 | 0.05 | 2.50 | 50 | 0.05 | 2.5 | 6 | 1.080 |
| 16 | Nanwanshehr | 15.00 | 136 | 0.06 | 8.16 | 16 | 0.025 | 0.40 | 50 | 0.05 | 2.50 | 50 | 0.05 | 2.5 | 8 | 1.440 |
| 17 | Patiala | 15.00 | 87 | 0.06 | 5.22 | 90 | 0.025 | 2.26 | 50 | 0.05 | 2.50 | 50 | 0.05 | 2.5 | 14 | 2.520 |
| 18 | Ropar | 15.00 | 65 | 0.06 | 3.90 | 186 | 0.025 | 4.66 | 50 | 0.05 | 2.50 | 50 | 0.05 | 2.5 | 8 | 1.440 |
| 19 | Sangrur | 15.00 | 74 | 0.06 | 4.44 | 143 | 0.025 | 3.58 | 50 | 0.05 | 2.50 | 50 | 0.05 | 2.5 | 11 | 1.980 |
| 20 | Tarn Taran | 15.00 | 33 | 0.06 | 1.98 | 263 | 0.025 | 6.58 | 50 | 0.05 | 2.50 | 50 | 0.05 | 2.5 | 8 | 1.440 |
| **Total** | | **300.00** | **1846** | | **110.76** | **2147** | | **53.68** | **950** | | **47.50** | **984** | | **49.20** | **216** | **38.880** |

## ਅਨੁਲੱਗ-ਅ

## ਐਕਸਪੋਜ਼ਰ ਵਿਜ਼ਿਟਸ ਲਈ ਸੰਭਾਵੀ ਸੂਚੀ

| ਲੜੀ ਨੰ: | ਜ਼ਿਲ੍ਹਾ | ਜਗ੍ਹਾ ਦਾ ਨਾਂ |
|---|---|---|
| 1 | ਅੰਮ੍ਰਿਤਸਰ | ਕਪੂਰਥਲਾ ਸਾਇੰਸ ਸਿਟੀ, ਜਲਿਆਂਵਾਲਾ ਬਾਗ, ਦਰਬਾਰ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਵਾਘਾ ਬਾਰਡਰ |
| 2 | ਬਰਨਾਲਾ | ਟ੍ਰਾਇਡੈਂਟ ਫੈਕਟਰੀ, ਬਠਿੰਡਾ ਥਰਮਲ ਪਲਾਂਟ, ਗੁਰੂਦੁਆਰਾ ਤਲਵੰਡੀ ਸਾਬੋਂ ਬਠਿੰਡਾ, ਰੇਡੀਓ ਸਟੇਸ਼ਨ ਬਠਿੰਡਾ, ਗੁਰੂਦੁਆਰਾ ਮਹਿਦਿਆਨਾ ਸਾਹਿਬ, ਕਿਲ੍ਹਾ ਮੁਬਾਰਕ, ਚੇਤਕ ਪਾਰਕ |
| 3 | ਬਠਿੰਡਾ | ਟ੍ਰਾਇਡੈਂਟ ਫੈਕਟਰੀ, ਬਠਿੰਡਾ ਥਰਮਲ ਪਲਾਂਟ, ਗੁਰੂਦੁਆਰਾ ਤਲਵੰਡੀ ਸਾਬੋਂ ਬਠਿੰਡਾ, ਰੇਡੀਓ ਸਟੇਸ਼ਨ ਬਠਿੰਡਾ |
| 4 | ਫਰੀਦਕੋਟ | ਹੁਸੈਨੀਵਾਲਾ ਬਾਰਡਰ, ਵਾਘਾ ਬਾਰਡਰ, ਦਰਬਾਰ ਸਾਹਿਬ, ਜਲਿਆਂਵਾਲਾ ਬਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ |
| 5 | ਫਤਿਹਗੜ੍ਹ ਸਾਹਿਬ | ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਜਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ਿਅਮ, ਭਾਖੜਾ ਨੰਗਲ ਡੈਮ |
| 6 | ਫਿਰੋਜ਼ਪੁਰ | ਕਪੂਰਥਲਾ ਸਾਇੰਸ ਸਿਟੀ, ਹੁਸੈਨੀਵਾਲਾ ਬਾਰਡਰ |
| 7 | ਗੁਰਦਾਸਪੁਰ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਦਰਬਾਰ ਸਾਹਿਬ, ਜਲਿਆਂਵਾਲਾ ਬਾਗ |
| 8 | ਹੁਸ਼ਿਆਰਪੁਰ | ਕਪੂਰਥਲਾ ਸਾਇੰਸ ਸਿਟੀ, ਬਿਆਸ ਡੈਮ, ਭਾਖੜਾ ਡੈਮ |
| 9 | ਜਲੰਧਰ | ਕਪੂਰਥਲਾ ਸਾਇੰਸ ਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਅਤੇ ਫਿਲੌਰ ਕਿਲ੍ਹਾ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਮਿਊਜ਼ਿਅਮ, ਖਟਕੜ ਕਲਾਂ |
| 10 | ਕਪੂਰਥਲਾ | ਕਪੂਰਥਲਾ ਸਾਇੰਸ ਸਿਟੀ |
| 11 | ਲੁਧਿਆਣਾ | ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ਿਅਮ, ਮਿੰਨੀ ਸਕੱਤਰੇਤ |
| 12 | ਮਾਨਸਾ | ਬਠਿੰਡਾ ਥਰਮਲ ਪਲਾਂਟ, ਗੁਰੂਦੁਆਰਾ ਤਲਵੰਡੀ ਸਾਬੋਂ ਬਠਿੰਡਾ, ਰੇਡੀਓ ਸਟੇਸ਼ਨ ਬਠਿੰਡਾ |
| 13 | ਮੋਗਾ | ਕਪੂਰਥਲਾ ਸਾਇੰਸ ਸਿਟੀ |
| 14 | ਮੋਹਾਲੀ | ਪੰਜਾਬ ਯੂਨੀਵਰਸਿਟੀ, ਟ੍ਰਿਬਿਊਨ ਪ੍ਰੈਸ, ਰੌਕ ਗਾਰਡਨ, ਛੱਤਬੀੜ, ਪੰਜਾਬ ਸਕੂਲ ਸਿੱਖਿਆ ਬੋਰਡ, ਰੋਜ਼ ਗਾਰਡਨ |
| 15 | ਮੁਕਤਸਰ | ਹੁਸੈਨੀਵਾਲਾ ਬਾਰਡਰ, ਬਠਿੰਡਾ ਥਰਮਲ ਪਲਾਂਟ, ਗੁਰੂਦੁਆਰਾ ਤਲਵੰਡੀ ਸਾਬੋਂ ਬਠਿੰਡਾ, ਰੇਡੀਓ ਸਟੇਸ਼ਨ ਬਠਿੰਡਾ, ਇਤਿਹਾਸਕ ਗੁਰੂਦੁਆਰੇ ਮੁਕਤਸਰ |
| 16 | ਨਵਾਂਸ਼ਹਿਰ | ਕਪੂਰਥਲਾ ਸਾਇੰਸ ਸਿਟੀ |
| 17 | ਪਟਿਆਲਾ | ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਸ਼ੀਸ਼ ਮਹਿਲ ਅਤੇ ਰੰਗ ਮਹਿਲ, ਛੱਤਬੀੜ, ਪੀ.ਪੀ.ਐਸ.ਸੀ ਦਫ਼ਤਰ |
| 18 | ਰੋਪੜ | ਕਪੂਰਥਲਾ ਸਾਇੰਸ ਸਿਟੀ, ਭਾਖੜਾ ਡੈਮ, ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ |
| 19 | ਸੰਗਰੂਰ | ਦਨਾਸਰ ਬਾਗ, ਗੁਰੂਦੁਆਰਾ ਮਸਤੂਆਣਾ ਸਾਹਿਬ, ਸੰਤ ਲੌਂਗੋਵਾਲ ਇੰਸਟੀਚਿਊਟ ਆਫ ਤਕਨਾਲੋਜੀ |
| 20 | ਤਰਨ ਤਾਰਨ | ਕਪੂਰਥਲਾ ਸਾਇੰਸ ਸਿਟੀ, ਜਲਿਆਂਵਾਲਾ ਬਾਗ, ਦਰਬਾਰ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਵਾਘਾ ਬਾਰਡਰ |

# ਅਨੁਲੱਗ–ੲ

## ਗਰਲਜ਼ ਐਜੂਕੇਸ਼ਨ ਅਤੇ ਐਸ.ਸੀ/ਐਸ.ਟੀ ਕੰਪੋਨੈਂਟ ਅਧੀਨ ਐਕਸਪੋਜ਼ਰ ਵਿਜ਼ਿਟ ਸਬੰਧੀ ਪ੍ਰੋਫਾਰਮਾ

ਜ਼ਿਲ੍ਹੇ ਦਾ ਨਾਮ

ਵਿਜਿਟ ਕਰਵਾਉਣ ਵਾਲੇ ਕੁੱਲ ਸਕੂਲਾਂ ਦੀ ਗਿਣਤੀ

**ਕੁੱਲ ਬੱਚਿਆਂ ਦੀ ਗਿਣਤੀ:**

| ਲੜੀ ਨੰ: | ਸਕੂਲ ਦਾ ਨਾਮ | ਬਲਾਕ ਦਾ ਨਾਮ | ਬੱਚਿਆਂ ਦੀ ਗਿਣਤੀ | ਜਗ੍ਹਾ ਦਾ ਨਾਂ ਜਿੱਥੇ ਵਿਜ਼ਿਟ ਕਰਵਾਈ ਗਈ | ਵਿਜ਼ਿਟ ਤੇ ਜਾਣ ਵਾਲੀ ਬੱਸ ਦਾ ਨੰਬਰ | ਬੱਸ ਦੇ ਚੱਲਣ ਦਾ ਸਮਾਂ | ਬੱਸ ਦੇ ਡਰਾਇਵਰ ਅਤੇ ਕੰਡਕਟਰ ਦਾ ਨਾਮ | ਬੱਸ ਦਾ ਕਿਰਾਇਆ | ਐਂਟਰੀ ਫੀਸ ਦਾ ਵੇਰਵਾ | ਰਿਫਰੈਸ਼ਮੈਂਟ ਦਾ ਵੇਰਵਾ | ਰਿਫਰੈਂਸ਼ਮੈਂਟ ਦਾ ਖਰਚਾ | ਕੋਈ ਹੋਰ ਖਰਚਾ ਤਾਂ ਉਸਦਾ ਵੇਰਵਾ | ਕੁੱਲ ਖਰਚਾ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |

**ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)**

**ਜ਼ਿਲ੍ਹਾ ____________________**